ਚੱਲ ਮਨਾਂ ਚੱਲ ਉਸ ਪਿੰਡ ਚੱਲੀਏ

ਬਚਨ ਬੇਦਿਲ

ਸ਼ਖ਼ਸੀਅਤ ਤੇ ਰਚਨਾ

ਬਚਨ ਬੇਦਿਲ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਸਿੱਧ ਪਿੰਡ ਬਡਰੁੱਖਾ ਵਿੱਖੇ ਇੱਕ ਫਰਵਰੀ, 1967 ਨੂੰ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਬਚਪਨ ਤੋਂ ਲਿਖਣ ਦਾ ਸ਼ੌਕ ਸੀ ਅਤੇ ਇਸੇ ਸ਼ੌਕ ਨੇ ਉਨ੍ਹਾਂ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਬਚਨ ਬੇਦਿਲ ਨੇ ਆਪਣੀ ਕਲਮ ਨਾਲ ਮਾਂ-ਬੋਲੀ ਪੰਜਾਬੀ ਵਿੱਚ ਲਗਭਗ 500 ਗੀਤ ਲਿਖੇ ਹਨ, ਜੋ ਵੱਖ ਵੱਖ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ। ਪੰਜਾਬੀ ਫਿਲਮਾਂ ਲਈ ਵੀ ਕਈ ਗੀਤ ਲਿਖੇ। ਕੁਝ ਦੇਰ ਪੰਜਾਬ ਪੁਲਸ ਵਿੱਚ ਨੌਕਰੀ ਵੀ ਕੀਤੀ। ਉਨ੍ਹਾਂ ਨੂੰ ਕੈਨੇਡਾ, ਕਲਕੱਤਾ ਤੇ ਹੈਦਰਾਬਾਦ ਦੀਆਂ ਪੰਜਾਬੀ ਸੰਸਥਾਵਾਂ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਆ ਗਿਆ। ਇਸ ਤੋਂ ਇਲਾਵਾ ਹੋਰ ਅਨੇਕਾਂ ਸੰਸਥਾਵਾਂ ਵਲੋਂ ਮਾਨ-ਸਨਮਾਨ ਮਿਲ ਚੁੱਕੇ ਹਨ। ਇਸ ਸਮੇਂ ਉਹ ਕਈ ਸੰਸਥਾਵਾਂ ਨਾਲ ਜੁੜੇ ਹੋਏ ਹਨ ਅਤੇ ਨਵੇਂ ਲੇਖਕਾਂ ਨੂੰ ਸਮੇਂ-ਸਮੇਂ 'ਤੇ ਸੇਧ ਦੇਣਾ ਇਹ ਆਪਣਾ ਮੁੱਖ ਕਰਤੱਵ ਸਮਝਦੇ ਹਨ।

ਚੱਲ ਮਨਾਂ ਚੱਲ ਉਸ ਪਿੰਡ ਚੱਲੀਏ

ਚੱਲ ਮਨਾਂ ਚੱਲ ਉਸ ਪਿੰਡ ਚੱਲੀਏ ਜਿਸ ਪਿੰਡ ਤੋਂ ਹਾਂ ਆਏ
ਜਿਸ ਪਿੰਡ ਦੇ ਇਕ ਘਰ ਦੀ ਛੱਤ 'ਤੇ ਬੈਠਾ ਕਾਂ ਕੁਰਲਾਏ

ਜਿਸ ਪਿੰਡ ਵਿਚ ਸਲੇਟੀ ਸ਼ਾਮਾਂ ਸੁਰਖ ਸੁਰਖ ਪ੍ਰਭਾਤਾਂ
ਸੋਨੇ ਰੰਗੇ ਸਿਖ਼ਰ ਦੁਪਹਿਰੇ ਚਾਂਦੀ ਰੰਗੀਆਂ ਰਾਤਾਂ

ਔਖੇ ਸ਼ਬਦਾਂ ਦੇ ਅਰਥ

ਕੁਰਲਾਏ : ਰੌਲਾ ਪਾਉਣਾ
ਸੁਰਖ ਸੁਰਖ ਪ੍ਰਭਾਤਾਂ : ਸੁਨਹਿਰੀ ਸਵੇਰ
ਸੋਨੇ ਰੰਗੇ : ਸੋਨੇ ਦੇ ਰੰਗ ਵਰਗੇ
ਚਾਂਦੀ ਰੰਗੀਆਂ : ਚਾਂਦੀ ਵਰਗੀਆਂ

ਜਿਸ ਪਿੰਡ ਭੱਠੀ ਉਤੇ ਬੈਠੀ ਭੁੰਨਦੀ ਭੂਆ ਦਾਣੇ
ਦਾਣੇ ਲੈ ਕੇ ਝੋਲੀ ਦੇ ਵਿਚ ਪਾਉਂਦੀ ਮੋੜ ਮਖਾਣੇ

ਜਿਸ ਪਿੰਡ ਕੱਚੇ ਘਰ ਕੁੜੀਆਂ ਨੇ ਲਿੱਪੇ ਲਾ ਲਾ ਤਲੀਆਂ
ਬੂਹੇ ਉਤੇ ਮੋਰ ਬਣਾਏ ਕੰਧਾਂ 'ਤੇ ਫੁੱਲ ਕਲੀਆਂ

ਜਿਸ ਪਿੰਡ ਦੇ ਵਿਚ ਖੂਹਾਂ ਦਾ ਵੀ ਸ਼ਰਬਤ ਵਰਗਾ ਪਾਣੀ
ਸ਼ਾਮ ਸਵੇਰੇ ਫ਼ਸਲਾਂ ਨੂੰ ਵੀ ਸੁਣਦੀ ਹੈ ਗੁਰਬਾਣੀ

ਜਿਸ ਪਿੰਡ ਜਦ ਵੀ ਆਥਣ ਹੋਵੇ ਰਾਗ ਇਲਾਹੀ ਛਿੜਦੇ
ਕਣਕਾਂ ਦੇ ਵਿਚ ਖਸ ਖਸ ਦੇ ਫੁੱਲ ਚੋਰੀ-ਚੋਰੀ ਖਿੜਦੇ

ਜਿਸ ਪਿੰਡ ਕੱਚੇ ਕੋਠਿਆਂ ਉਤੇ ਮਿਰਚਾਂ ਜਾਣ ਸੁਕਾਈਆਂ
ਸਭ ਛੱਤਾਂ ਨੇ ਜਿਦ ਕੇ ਜਾਣੀ ਚੁੰਨੀਆਂ ਲਾਲ ਰੰਗਾਈਆਂ

ਜਿਸ ਪਿੰਡ ਦੇ ਵਿਚ ਮਾਖਿਓਂ ਮਿੱਠੀ ਵਸਦੀ ਹੈ ਮਾਂ ਬੋਲੀ
ਉਸ ਬੋਲੀ ਵਿਚ ਵਾਰਿਸ ਬੁੱਲੇ ਸ਼ਿਵ ਨੇ ਮਿਸ਼ਰੀ ਘੋਲੀ

ਜਿਸ ਪਿੰਡ ਇਕ ਮਸੀਤ ਪੁਰਾਣੀ ਮੰਦਿਰ ਲਹਿੰਦੇ ਪਾਸੇ
ਚੜ੍ਹਦੇ ਪਾਸੇ ਘਰ ਗੁਰੂਆਂ ਦਾ ਹੁੰਦੇ ਨਿੱਤ ਅਰਦਾਸੇ

ਉਸ ਪਿੰਡ ਵਿਚ ਬਰੋਟਾ ਇਕ ਨਿਸ਼ਾਨੀ ਬੜੀ ਪੁਰਾਣੀ
ਲੋਕ ਸਿਆਣੇ ਦੱਸਦੇ ਮੇਰੇ ਪੜਦਾਦੇ ਦਾ ਹਾਣੀ

ਜਿਸ ਪਿੰਡ ਦੇ ਵਿਚ ਢਾਬ ਕਿਨਾਰੇ ਤ੍ਰਵੈਣੀ ਦੇ ਥੱਲੇ
ਹਾੜ੍ਹ ਮਹੀਨੇ ਵਿਚ ਵੀ ਠੰਡੀ ਪੌਣ ਪੁਰੇ ਦੀ ਚੱਲੇ

ਓਸ ਢਾਬ ਦੇ ਵਿਚ ਤਰਦੀਆਂ ਜੋ ਕੂੰਜਾਂ ਮੁਰਗਾਈਆਂ
ਕਮਲ ਫੁੱਲਾਂ ਦੀ ਲੈਣ ਸੁਗੰਧੀ ਪਾਰ ਸਮੁੰਦਰੋਂ ਆਈਆਂ

ਔਖੇ ਸ਼ਬਦਾਂ ਦੇ ਅਰਥ

ਭੱਠੀ : ਜਿੱਥੇ ਦਾਣੇ ਭੁੰਨੇ ਜਾਂਦੇ ਹਨ (ਮਿੱਟੀ ਦੀ ਬਣੀ ਹੋਈ)
ਝੋਲੀ : ਪੱਲਾ
ਮਖਾਣੇ : ਖਿਲੇ ਹੋਏ ਦਾਣੇ
ਲਿੱਪੇ : ਪੋਚਣਾ
ਤਲੀਆਂ : ਗੋਬਰ/ਗੋਹਾ ਤੇ ਮਿੱਟੀ ਦਾ ਪੋਚਾ ਲਗਾਉਣਾ
ਬੂਹੇ : ਦਰਵਾਜ਼ੇ
ਫੁੱਲ ਕਲੀਆਂ : ਫੁੱਲ ਬੂਟੇ
ਸ਼ਰਬਤ : ਮਿੱਠਾ ਪਾਣੀ
ਵਰਗਾ : ਉਹੋ ਜਿਹਾ
ਗੁਰਬਾਣੀ : ਗੁਰੂਆਂ ਦੀ ਬਾਣੀ
ਆਥਣ : ਸ਼ਾਮ
ਰਾਗ ਇਲਾਹੀ : ਰੱਬੀ ਸੰਗੀਤ
ਕੋਠਿਆਂ : ਘਰਾਂ
ਮਾਖਿਓਂ : ਸ਼ਹਿਦ
ਮਿਸਰੀ : ਮਿਠਾਸ
ਲਹਿੰਦੇ ਪਾਸੇ : ਜਿਧਰ ਸੂਰਜ ਛਿਪਦਾ ਹੈ
ਚੜ੍ਹਦੇ ਪਾਸੇ : ਜਿਧਰੋਂ ਸੂਰਜ ਚੜ੍ਹਦਾ ਹੈ
ਅਰਦਾਸੇ : ਫਰਿਆਦਾਂ
ਨਿੱਤ : ਰੋਜ਼ਾਨਾ
ਬਰੋਟਾ : ਇਕ ਵੱਡਾ ਦਰਖਤ, ਬੋਹੜ
ਪੜਦਾਦਾ : ਪਿਤਾ ਦਾ ਦਾਦਾ
ਹਾਣੀ : ਇਕੋ ਉਮਰ ਦੇ
ਢਾਬ : ਜਿੱਥੇ ਵਰਖਾ ਦਾ ਪਾਣੀ ਇਕੱਠਾ ਹੁੰਦਾ ਹੈ
ਤ੍ਰਵੈਣੀ : ਤਿੰਨ ਰੁੱਖਾਂ ਦਾ ਸੰਗਮ
ਪੌਣ : ਹਵਾ
ਪੁਰੇ : ਪੂਰਬ ਵਾਲੇ ਪਾਸੇ ਦੀ ਹਵਾ
ਸੁਗੰਧੀ : ਖੁਸ਼ਬੋ

ਜਿਸ ਪਿੰਡ ਦੇ ਵਿਚ ਵੜਦੇ ਹਾਂ ਜਦ ਨਜ਼ਰੀਂ ਪੈਣ ਗੁਹਾਰੇ
ਚਿਣ-ਚਿਣ ਲਾਈਆਂ ਗੋਲ ਪਾਥੀਆਂ ਲਾ ਕੇ ਚਿੱਤ ਉਸਾਰੇ

ਹਰ ਪਾਥੀ ਦੇ ਮੱਥੇ ਉੱਤੇ ਉੱਕਰੀਆਂ ਤਕਦੀਰਾਂ
ਕੁੜੀਆਂ-ਕੱਤਰੀਆਂ ਦੇ ਕੋਮਲ ਹੱਥਾਂ ਦੀਆਂ ਲਕੀਰਾਂ

ਪਾਂਡੂ ਦੇ ਸੰਗ ਲਿੱਪ-ਲਿੱਪ ਉੱਤੇ ਕੀਤੀ ਚਿੱਤਰਕਾਰੀ
ਪਿੰਡ ਗੁਹਾਰਿਆਂ ਤੋਂ ਦਿਸ ਜਾਂਦਾ ਕਹਿੰਦੀ ਦੁਨੀਆਂ ਸਾਰੀ

ਜਿਸ ਪਿੰਡ ਖੂਹੀਆਂ ਦੇ ਵਿਚ ਖੌਰੇ ਕਿਸਨੇ ਸ਼ਹਿਦ ਮਿਲਾਇਆ
ਉਂਗਲਾਂ ਚਟਦਾ ਰਹਿ ਜੇ ਪਾਣੀ ਪੀ ਲੈ ਜੇ ਤ੍ਰਿਹਾਇਆ

ਰੂਹਾਂ ਨੂੰ ਨਸ਼ਿਆ ਦਿੰਦੀ ਹੈ ਜਿਸ ਪਿੰਡ ਦੀ ਹਰਿਆਲੀ
ਖ਼ੁਸ਼ੀਆਂ ਦੇ ਵਿਚ ਖੀਵੀ ਹੋ ਕੇ ਨਚਦੀ ਡਾਲੀ-ਡਾਲੀ

ਜਿਸ ਪਿੰਡ ਦੇ ਵਿਚ ਬਾਜ਼ੀਗਰ ਨੇ ਬਾਜ਼ੀ ਆ ਕੇ ਪਾਉਂਦੇ
ਕੜਿਆਂ ਵਿਚ ਦੀ ਲਿਫ-ਲਿਫ ਲੰਘਦੇ ਕੌਤਕ ਬੜੇ ਵਿਖਾਉਂਦੇ

ਜਿਸ ਪਿੰਡ ਦੇ ਵਿਚ ਊੜਾ ਆੜਾ ਈੜੀ ਸੀ ਜਦ ਪੜ੍ਹਦੇ
ਫੁੱਲਾਂ ਉਤੋਂ ਰੰਗ-ਬਰੰਗੀਆਂ ਤਿਤਲੀਆਂ ਸੀ ਫੜਦੇ

ਮੁੱਠੀਆਂ ਉਤੇ ਪਿੱਪਲ ਪੱਤੀਆਂ ਰੱਖ ਪਟਾਕੇ ਪਾਉਣੇ
ਰੇਤੇ ਦੇ ਘਰ ਪੈਰਾਂ ਉਤੇ ਰੀਝਾਂ ਨਾਲ ਬਣਾਉਣੇ

ਜਿਸ ਪਿੰਡ ਬੇਬੇ ਸਾਗ ਬਣਾਉਂਦੀ ਨਾਲ ਮੱਕੀ ਦੀ ਰੋਟੀ
ਚਿੱਬੜਾਂ ਵਾਲੀ ਚਟਣੀ ਮਿਲਦੀ ਕੂੰਡੇ ਦੇ ਵਿਚ ਘੋਟੀ

ਦੁੱਧ ਮਲਾਈਆਂ ਦੇਸੀ ਘਿਉ ਦੀ ਕੁੱਟ-ਕੁੱਟ ਖਾਧੀ ਚੂਰੀ
ਪੈਰਾਂ ਦੇ ਵਿਚ ਚੀਕੂੰ-ਚੀਕੂੰ ਜੁੱਤੀਆਂ ਕਰਨ ਕਸੂਰੀ

ਔਖੇ ਸ਼ਬਦਾਂ ਦੇ ਅਰਥ

ਗੁਹਾਰੇ : ਜਿਥੇ ਗੋਹੇ ਦੀਆਂ ਪਾਥੀਆਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ
ਚਿਣ ਚਿਣ : ਤਰਤੀਬਵਾਰ
ਪਾਥੀਆਂ : ਗੋਹੇ ਦਾ ਬਾਲਣ
ਚਿੱਤ ਉਸਾਰੇ : ਦਿਲ ਲਗਾ ਕੇ ਬਣਾਉਣਾ
ਉੱਕਰੀਆਂ : ਉਲੀਕੀਆਂ
ਤਕਦੀਰਾਂ : ਕਿਸਮਤਾਂ
ਕੋਮਲ : ਨਾਜ਼ਕ
ਲਕੀਰਾਂ : ਰੇਖਾਵਾਂ
ਪਾਂਡੂ : ਚਿਕਨੀ ਮਿੱਟੀ
ਲਿਪ ਲਿਪ : ਪੋਚਣਾ
ਖੂਹੀਆਂ : ਛੋਟੇ ਖੂਹ
ਖੌਰੇ : ਪਤਾ ਨਹੀਂ
ਤ੍ਰਿਹਾਇਆ : ਪਿਆਸਾ
ਰੂਹ : ਆਤਮਾ
ਖੀਵੀ : ਖ਼ੁਸ਼ੀ
ਡਾਲੀ ਡਾਲੀ : ਟਾਹਣੀ ਟਾਹਣੀ
ਬਾਜੀ : ਕਰਤੱਵ
ਕੜਿਆਂ : ਲੋਹੇ ਦੇ ਗੋਲ ਛੱਲੇ
ਲਿਫ ਲਿਫ : ਝੁਕ ਕੇ
ਕੌਤਕ : ਕਰਤੱਵ
ਪਿੱਪਲ ਪੱਤੀਆਂ : ਪਿੱਪਲ ਦੇ ਪੱਤੇ
ਪਟਾਖੇ ਪਾਉਣੇ : ਪਟਾਖੇ ਚਲਾਉਣੇ
ਰੀਝਾਂ : ਚਾਵਾਂ ਨਾਲ
ਬੇਬੇ : ਮਾਂ/ ਬਜ਼ੁਰਗ ਔਰਤ
ਕੂੰਡਾ : ਚਟਨੀ ਬਣਾਉਣ ਵਾਲਾ ਪੱਥਰ ਦਾ ਭਾਂਡਾ
ਘੋਟਾ : ਰਗੜਾ ਲਾਉਣਾ
ਚੀਕੂੰ ਚੀਕੂੰ : ਆਵਾਜ਼ ਆਉਣੀ
ਕਸੂਰੀ : ਪਾਕਿਸਤਾਨ ਦੇ ਸ਼ਹਿਰ ਕਸੂਰ ਦੀਆਂ ਬਣੀਆਂ ਹੋਈਆਂ

ਪਿੰਡ ਦੇ ਇਕ ਦਰਵਾਜੇ ਬੈਠਾ ਫੁੱਲ ਕੱਢਦਾ ਫੁਲਕਾਰੀ
ਰੰਗ-ਬਿਰੰਗੀਆਂ ਚੁੰਨੀਆਂ ਰੰਗਦਾ ਥੱਕਦਾ ਨਹੀਂ ਲਲਾਰੀ

ਜਿਸ ਪਿੰਡ ਵਿਚ ਵਿਸਾਖ ਮਹੀਨੇ ਜਦੋਂ ਵਿਸਾਖੀ ਆਵੇ
ਖ਼ੁਸ਼ੀਆਂ ਦੇ ਵਿਚ ਅੰਬਰ ਨੱਚੇ ਧਰਤੀ ਗਿੱਧਾ ਪਾਵੇ

ਜਿਸ ਪਿੰਡ ਦੇ ਵਿਚ ਹਾੜ੍ਹ ਮਹੀਨੇ ਪੱਕਣ ਸੰਧੂਰੀ ਅੰਬੀਆਂ
ਅੰਬੀਆਂ ਉਤੇ ਕੋਇਲ ਕੂਕੇ ਹੇਕਾਂ ਲੰਬੀਆਂ-ਲੰਬੀਆਂ

ਘੁੰਮਿਆ ਸਾਰੀ ਦੁਨੀਆਂ 'ਬੇਦਿਲ' ਵੇਖੇ ਸ਼ਹਿਰ ਹਜ਼ਾਰਾਂ
ਪਰ ਮੈਂ ਅਪਣੇ ਸੋਹਣੇ ਪਿੰਡ ਤੋਂ ਲੱਖਾਂ ਪੈਰਿਸ ਵਾਰਾਂ

ਔਖੇ ਸ਼ਬਦਾਂ ਦੇ ਅਰਥ

ਲਲਾਰੀ	: ਕੱਪੜੇ ਰੰਗਣ ਵਾਲਾ
ਵਿਸਾਖ	: ਦੇਸੀ ਮਹੀਨੇ ਦਾ ਨਾਂ (ਅਪ੍ਰੈਲ)
ਅੰਬਰ	: ਆਸਮਾਨ
ਹਾੜ੍ਹ ਮਹੀਨੇ	: ਦੇਸੀ ਮਹੀਨੇ ਦਾ ਨਾਂ (ਜੂਨ)
ਸੰਧੂਰੀ	: ਲਾਲ ਰੰਗ
ਕੂਕੇ	: ਬੋਲਣਾ
ਹੇਕਾਂ	: ਆਵਾਜ਼ਾਂ
ਵਾਰਾਂ	: ਕੁਰਬਾਨ ਕਰਨਾ

ਟਿੱਪਣੀ

ਇਹ ਕਾਵਿ-ਟੁਕੜੀਆਂ ਕਵੀ ਤੇ ਗੀਤਕਾਰ ਬਚਨ ਬੇਦਿਲ ਦੇ ਕਾਵਿ-ਸੰਗ੍ਰਹਿ 'ਪਿੰਡ ਅਵਾਜ਼ਾਂ ਮਾਰਦਾ' ਵਿੱਚੋਂ ਲਈਆਂ ਗਈਆਂ ਹਨ। ਮੂਲ ਰੂਪ ਵਿੱਚ ਇਹ ਇੱਕ ਲੰਮੀ ਕਵਿਤਾ ਹੈ। ਇਸ ਵਿੱਚ ਕਵੀ ਨੇ ਆਪਣੇ ਪਿੰਡ ਦੀ ਯਾਦ ਦਾ ਜ਼ਿਕਰ ਕੀਤਾ ਹੈ। ਸ਼ਹਿਰੀਕਰਨ ਦੇ ਅਜੋਕੇ ਮਾਹੌਲ ਵਿੱਚ ਅਸੀਂ ਆਪਣੇ ਪੇਂਡੂ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਇਸ ਵਿੱਚ ਉਹ ਪਿੰਡ ਨੂੰ ਯਾਦ ਰੱਖਣ ਦੀ ਪ੍ਰੇਰਣਾ ਦੇ ਰਿਹਾ ਹੈ। ਇਸ ਲਈ ਇਹ ਰਚਨਾ ਸਾਨੂੰ ਸਾਡੇ ਸੱਭਿਆਚਾਰ ਦੇ ਰੂ-ਬ-ਰੂ ਕਰਦੀ ਹੈ। ਇਹ ਗੱਲ ਪੁਸਤਕ ਦੇ ਨਾਂ ਤੋਂ ਹੀ ਸਿੱਧ ਹੋ ਜਾਂਦੀ ਹੈ। ਕਿਧਰੇ-ਕਿਧਰੇ ਸੂਖ਼ਮ ਵਿਅੰਗ ਵੀ ਹੈ। ਕਵੀ ਨੇ ਖੇਡਾਂ, ਖਾਣਿਆਂ, ਦ੍ਰਿਸ਼ਾਂ ਸਮੇਤ ਕੁਦਰਤੀ ਨਜ਼ਾਰਿਆਂ ਦੀ ਝਾਤ ਪੁਆਈ ਹੈ। ਇਨ੍ਹਾਂ 'ਚੋਂ ਬਹੁਤ ਕੁਝ ਅਲੋਪ ਹੁੰਦਾ ਜਾ ਰਿਹਾ ਹੈ। ਇਸ ਲਈ ਕਵੀ ਨੇ ਸੰਵੇਦਨਸ਼ੀਲ ਹੋ ਕੇ ਪੇਂਡੂ ਸੱਭਿਆਚਾਰ ਪ੍ਰਤੀ ਆਪਣੀ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ।

ਅਭਿਆਸ

1. ਦੱਸੋ ਖਾਂ ਭਲਾ :

(i) ਕਾਂ ਦੇ ਕੁਰਲਾਉਣ ਦਾ ਕੀ ਅਰਥ ਸਮਝਿਆ ਜਾਂਦਾ ਹੈ ?
(ii) ਸੁਰਖ ਪ੍ਰਭਾਤਾਂ ਸਮੇਂ ਕਿਹੋ ਜਿਹਾ ਵਾਤਾਵਰਣ ਹੁੰਦਾ ਹੈ ?
(iii) ਭੱਠੀ 'ਤੇ ਦਾਣੇ ਕੌਣ ਭੁੰਨਦਾ ਹੈ ?
(iv) ਕੱਚੇ ਘਰਾਂ ਨੂੰ ਕਿਉਂ ਲਿੱਪਿਆ ਜਾਂਦਾ ਹੈ ?
(v) ਖੂਹਾਂ ਦਾ ਪਾਣੀ ਸ਼ਰਬਤ ਵਰਗਾ ਕਿਉਂ ਸਮਝਿਆ ਜਾਂਦਾ ਹੈ ?
(vi) ਕੋਠਿਆਂ ਉੱਤੇ ਮਿਰਚਾਂ ਕਿਉਂ ਸੁਕਾਈਆਂ ਜਾਂਦੀਆਂ ਹਨ ?
(vii) ਵਾਰਸ ਬੁੱਲ੍ਹੇ ਤੇ ਸ਼ਿਵ ਵਲੋਂ ਮਾਂ-ਬੋਲੀ 'ਚ ਮਿਸਰੀ ਘੋਲਣ ਤੋਂ ਕੀ ਭਾਵ ਹੈ ?
(viii) ਪਿੰਡ ਦਾ 'ਬਰੋਟਾ' ਕਿਸ ਚੀਜ਼ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ?

(ix) ਪਿੰਡ ਦੇ ਗੁਹਾਰਿਆਂ ਉੱਪਰ ਨਜ਼ਰ ਪੈਣ 'ਤੇ ਕੀ ਪਤਾ ਲਗਦਾ ਹੈ ?
(x) ਹਰਿਆਲੀ ਨਾਲ ਰੂਹ ਕਿਵੇਂ ਨਸ਼ਿਆਈ ਜਾਂਦੀ ਹੈ ?

2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਜਿਸ ਪਿੰਡ ਜਦ ਵੀ ਆਥਣ ਹੋਵੇ ਰਾਗ ਇਲਾਹੀ ਛਿੜਦੇ
ਕਣਕਾਂ ਦੇ ਵਿਚ ਖਸ ਖਸ ਦੇ ਫੁੱਲ ਚੋਰੀ-ਚੋਰੀ ਖਿੜਦੇ

ਪਾਂਡੂ ਦੇ ਸੰਗ ਲਿੱਪ-ਲਿੱਪ ਉੱਤੇ ਕੀਤੀ ਚਿੱਤਰਕਾਰੀ
ਪਿੰਡ ਗੁਹਾਰਿਆਂ ਤੋਂ ਦਿਸ ਜਾਂਦਾ ਕਹਿੰਦੀ ਦੁਨੀਆਂ ਸਾਰੀ

(i) ਉਪਰੋਕਤ ਕਾਵਿ-ਟੁਕੜੀ ਦਾ ਲੇਖਕ ਕੌਣ ਹੈ ?
(ii) ਇਨ੍ਹਾਂ ਕਾਵਿ-ਸਤਰਾਂ ਵਿੱਚ 'ਆਥਣ' ਦਾ ਕੀ ਅਰਥ ਲਿਆ ਗਿਆ ਹੈ ?
(iii) 'ਗੁਹਾਰਿਆਂ' 'ਤੋਂ ਪਿੰਡ ਕਿਵੇਂ ਦਿਸਦਾ ਹੈ ?

3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਜਿਸ ਪਿੰਡ ਦੇ ਵਿਚ ਮਾਖਿਓਂ ਮਿੱਠੀ ਵਸਦੀ ਹੈ ਮਾਂ ਬੋਲੀ
ਉਸ ਬੋਲੀ ਵਿਚ ਵਾਰਿਸ ਬੁੱਲੇ ਸ਼ਿਵ ਨੇ ਮਿਸ਼ਰੀ ਘੋਲੀ

ਜਿਸ ਪਿੰਡ ਦੇ ਵਿਚ ਊੜਾ ਆੜਾ ਈੜੀ ਸੀ ਜਦ ਪੜ੍ਹਦੇ
ਫੁੱਲਾਂ ਉਤੋਂ ਰੰਗ-ਬਰੰਗੀਆਂ ਤਿਤਲੀਆਂ ਸੀ ਫੜਦੇ

ਜਿਸ ਪਿੰਡ ਬੇਬੇ ਸਾਗ ਬਣਾਉਂਦੀ ਨਾਲ ਮੱਕੀ ਦੀ ਰੋਟੀ
ਚਿੱਬੜਾਂ ਵਾਲੀ ਚਟਣੀ ਮਿਲਦੀ ਕੂੰਡੇ ਦੇ ਵਿਚ ਘੋਟੀ

ਦੁੱਧ ਮਲਾਈਆਂ ਦੇਸੀ ਘਿਉ ਦੀ ਕੁੱਟ-ਕੁੱਟ ਖਾਧੀ ਚੂਰੀ
ਪੈਰਾਂ ਦੇ ਵਿਚ ਚੀਕੂੰ-ਚੀਕੂੰ ਜੁੱਤੀਆਂ ਕਰਨ ਕਸੂਰੀ

ਆਓ ਕੁਝ ਹੋਰ ਕਰੀਏ

ੳ. ਪਾਠ ਤੋਂ ਅੱਗੇ :

(i) ਪਿੰਡ ਦੇ ਗੁਹਾਰਿਆਂ, ਬਰੋਟਿਆਂ, ਮੇਲਿਆਂ ਦੇ ਦ੍ਰਿਸ਼ਾਂ ਨਾਲ ਪਿੰਡ ਨੂੰ ਦਰਸਾਉਂਦਾ ਇੱਕ ਚਿੱਤਰ ਬਣਾਉ।
(ii) ਪੇਂਡੂ ਸਭਿਆਚਾਰ ਨੂੰ ਪ੍ਰਗਟਾਉਂਦੀ ਇਕ ਕਵਿਤਾ ਲਿਖੋ।
(iii) ਤੁਸੀਂ ਪੇਂਡੂ ਜ਼ਿੰਦਗੀ ਬਾਰੇ ਕੀ ਜਾਣਦੇ ਹੋ ? ਇਸ ਨਾਲ ਸੰਬੰਧਤ ਜਾਣਕਾਰੀ ਭਰਪੂਰ 200 ਸ਼ਬਦਾਂ ਦਾ ਇੱਕ ਲੇਖ ਲਿਖੋ।

(iv) ਕੀ ਅਜੋਕੇ ਸਮੇਂ ਵਿੱਚ ਜ਼ਿਆਦਾਤਰ ਲੋਕ ਸ਼ਹਿਰਾਂ ਵਿੱਚ ਰਹਿਣਾ ਪਸੰਦ ਕਰਦੇ ਹਨ। ਤੁਹਾਡੇ ਇਸ ਬਾਰੇ ਕੀ ਵਿਚਾਰ ਹਨ ? ਵਿਸਤਾਰ ਵਿੱਚ ਲਿਖੋ।

(v) ਪਿੰਡਾਂ ਤੇ ਸ਼ਹਿਰਾਂ ਦੇ ਜੀਵਨ ਦੀ ਤੁਲਨਾ ਕਰਦਿਆਂ ਇੱਕ ਪ੍ਰੋਜੈਕਟ ਤਿਆਰ ਕਰੋ।

ਅ. ਪਾਠ ਦੇ ਆਧਾਰ 'ਤੇ ਠੀਕ (✔) ਜਾਂ ਗ਼ਲਤ (✖) ਦਾ ਨਿਸ਼ਾਨ ਬਣਾਉ :

(i) ਕਵੀ ਦੇ ਕਾਲਪਨਿਕ ਪਿੰਡ ਵਿੱਚ ਸਭ ਧਰਮਾਂ ਦੇ ਸਥਾਨ ਹਨ। ☐

(ii) ਪਿੰਡ ਦੀ ਪਛਾਣ ਬਰੋਟੇ ਤੋਂ ਹੋ ਜਾਂਦੀ ਹੈ। ☐

(iii) ਕੁੜੀਆਂ ਕੱਚੇ ਘਰਾਂ ਨੂੰ ਸੀਮਿੰਟ ਨਾਲ ਲਿੱਪਦੀਆਂ ਹਨ। ☐

(iv) ਪਿੰਡ ਵਿੱਚ ਬਾਜ਼ੀਗਰ ਆਪਣੇ ਜ਼ੌਹਰ ਦਿਖਾਉਂਦੇ ਹਨ। ☐

(v) ਹਾੜ ਦੇ ਮਹੀਨੇ ਵਿੱਚ ਪੀਲੇ ਰੰਗ ਦੀਆਂ ਅੰਬੀਆਂ ਪੱਕਦੀਆਂ ਹਨ। ☐

ੲ. ਖਾਲੀ ਥਾਵਾਂ ਭਰੋ :

ਤਿਤਲੀਆਂ ਠੰਢੀ ਹਵਾ

ਗੁਹਾਰਿਆਂ

ਚੁੰਨੀਆਂ ਫੁੱਲ ਕਲੀਆਂ

(i) ਨਿੱਕੀ ਉਮਰ ਵਿੱਚ ਕਵੀ ਨੂੰ ... ਫੜਨ ਦਾ ਸ਼ੌਂਕ ਸੀ।

(ii) ਪਿੰਡ ਦੀ ਪਛਾਣ ... ਤੋਂ ਹੋ ਜਾਂਦੀ ਹੈ।

(iii) ... ਕੰਧਾਂ 'ਤੇ ਬਣਾਈਆਂ ਜਾਂਦੀਆਂ ਹਨ।

(iv) ਮਿਰਚਾਂ ਸੁਕਾਉਣ ਦੀ ਤੁਲਣਾ ... ਨਾਲ ਕੀਤੀ ਜਾਂਦੀ ਹੈ।

(v) ਪਿੰਡ ਵਿੱਚ ਤ੍ਰਿਵੈਣੀ ਦੇ ਹੇਠਾਂ ... ਚਲਦੀ ਹੈ।

ਸ. ਜੋੜੇ ਬਣਾਉ :

ਭੱਠੀ	ਪਾਣੀ
ਖੂਹ	ਕੂੰਜਾਂ
ਢਾਬ	ਕੂੰਡਾ
ਚਟਣੀ	ਦਾਣੇ

ਹ. ਵਿਰੋਧੀ ਸ਼ਬਦ ਲਿਖੋ :

(i) ਬਣਾਉਣਾ ...

(ii) ਫੜਨਾ ...

(iii) ਪੱਕਾ ...

(iv) ਉਸਾਰਨਾ ...

ਕ. 'ਕਾਂ', ਕਾਂ-ਕਾਂ ਕਰਦਾ ਹੈ। ਇਸੇ ਤਰ੍ਹਾਂ ਹੇਠ ਲਿਖਿਆਂ ਦੀ ਆਵਾਜ਼ ਨੂੰ ਤੁਸੀਂ ਕੀ ਕਹੋਗੇ ?

(i) ਕੂੰਜ ...

(ii) ਮੁਰਗਾਬੀ ...

(iii) ਕੋਇਲ ...

(iv) ਕਸੂਰੀ ਜੁੱਤੀ ...

ਖ. ਭਠਿਆਰਨ ਦਾਣੇ ਭੁੰਨਦੀ ਹੈ। ਇਸੇ ਤਰ੍ਹਾਂ ਪਾਠ ਦੇ ਆਧਾਰ 'ਤੇ ਹੇਠ ਲਿਖਿਆਂ ਦੇ ਕੰਮ ਜਾਂ ਪ੍ਰਵਿਰਤੀ ਬਾਰੇ ਲਿਖੋ :

(i) ਚਿੱਤਰਕਾਰ ...

(ii) ਬੇਬੇ ...

(iii) ਬਾਜ਼ੀਗਰ ...

(iv) ਲਲਾਰੀ ...

ਗ. ਵਾਕ ਬਣਾਉ :

(i) ਗੁਹਾਰੇ ... ...

(ii) ਸੰਧੂਰੀ ਅੰਬੀਆਂ ... ...

(iii) ਬਰੋਟਾ ... ...

(iv) ਸੁਰਖ ਪ੍ਰਭਾਤ ... ...